# 41ST SCIENCE EXHIBITION2013 AT GGI



ਵਿਗਿਆਨ ਮੇਲੇ ਦਾ ਉਦਘਾਟਨ ਕਰਦੇ ਹੋਏ ਚੇਅਰਮੈਨ ਜੇ. ਐਸ. ਗਿੱਲ। ਤਸਵੀਰ: ਗੁਰਬੀਰ ਸਿੰਘ ਵਾਲੀਆ

## 41ਵਾਂ ਵਿਗਿਆਨ ਮੇਲਾ ਆਰੰਭ

ਕਾਹਨਪੁਰ ਖੂਹੀ, 16 ਅਕਤੂਬਰ (ਗੁਰਬੀਰ ਸਿੰਘ ਵਾਲੀਆ)-ਸਿੱਖਿਆ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਰੂਪਨਗਰ ਦੀ ਤਹਿਸੀਲ ਅਨੰਦਪੁਰ ਸਾਹਿਬ ਤੇ ਨੰਗਲ ਅਧੀਨ ਪੈਂਦੇ ਸਰਕਾਰੀ ਤੇ ਪ੍ਰਾਇਮਰੀ ਸਕੂਲਾਂ ਦਾ 41ਵਾਂ ਵਿਗਿਆਨ ਮੇਲਾ ਗਲੋਬਲ ਕਾਲਜ ਕਾਹਨਪੁਰ ਖੂਹੀ ਵਿਖੇ ਆਰੰਭ ਹੋ ਗਿਆ ਜਿਸ ਦਾ ਉਦਘਾਟਨ ਸੰਸਥਾ ਦੇ ਚੇਅਰਮੈਨ ਜੇ. ਐਸ. ਗਿੱਲ ਨੇ ਕੀਤਾ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਮਾਡਲਾਂ ਦੀ ਪ੍ਰਦਰਸ਼ਨੀ ਦਾ ਵੀ ਨਿਰੀਖਣ ਕੀਤਾ ਤੇ ਬੱਚਿਆਂ ਦੀ ਪ੍ਰਸ਼ੰਸਾ ਕੀਤੀ। ਵਿਸ਼ੇਸ਼ ਰੂਪ 'ਚ ਹਾਜ਼ਰ ਹੋਏ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਲੋਕੇਸ਼ ਮੋਹਣ ਸ਼ਰਮਾ ਨੇ ਦੱਸਿਆ ਕਿ ਬੱਚਿਆਂ ਨੂੰ ਮਾਡਲ ਤਿਆਰ ਕਰਨ ਲਈ 5 ਥੀਮ੍ਹ ਦਿੱਤੇ ਗਏ ਜਿਨ੍ਹਾਂ 'ਚ ਖੇਤੀਬਾੜੀ, ਸਿਹਤ, ਵਾਤਾਵਰਣ, ਊਰਜਾ ਤੇ ਵਸੀਲੇ ਸ਼ਾਮਲ ਹਨ। ਵਿਗਿਆਨ ਪ੍ਰਦਰਸ਼ਨੀ ਦੇ ਉਦਘਾਟਨ ਮੌਕੇ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਤੋਂ ਇਲਾਵਾ ਵੀ. ਕੇ. ਲਾਂਬਾ, ਪ੍ਰਿੰ: ਡਾ: ਆਰ. ਸੀ. ਰਾਏ, ਜਸਪ੍ਰੀਤ ਸਿੰਘ, ਐਸ਼ੂ ਸ਼ਰਮਾ, ਆਰ. ਕੇ. ਦਿਵੇਦੀ, ਵਾਈਸ ਪ੍ਰਿੰਸੀਪਲ ਅਵਿਨਾਸ਼ ਸ਼ਰਮਾ, ਸੁਖਵਿੰਦਰ ਜੌਲੀ, ਸੀਮਾ ਸ਼ਰਮਾ, ਮੀਨਾਕਸ਼ੀ, ਸੁਖਜਿੰਦਰ ਕੌਰ, ਵਿਨੀਤ ਮਲਹੋਤਰਾ, ਬੀ. ਐਸ. ਰਾਣਾ ਆਦਿ ਪ੍ਰਮੁੱਖ ਰੂਪ 'ਚ ਹਾਜ਼ਰ ਸਨ।

# ਗਲੋਬਲ ਕਾਲਜ ਕਾਹਨਪੁਰ ਖੂਹੀ ਵਿਖੇ ਦੋ ਦਿਨਾ ਵਿਗਿਆਨ ਮੇਲਾ ਸਮਾਪਤ



ਜ਼ਿਲ੍ਹਾ ਸਿੱਖਿਆ ਅਫਸਰ ਹਰਪ੍ਰੀਤ ਇੰਦਰ ਸਿੰਘ ਖਾਲਸਾ ਵਿਦਿਆਰਥੀ ਨੂੰ ਇਨਾਮ ਦਿੰਦੇ ਹੋਏ, ਨਾਲ ਗਲੋਬਲ ਕਾਲਜ ਦੇ ਪ੍ਰਬੰਧਕ। ਤਸਵੀਰ: ਗੁਰਬੀਰ ਵਾਲੀਆ

ਕਾਹਨਪੁਰ ਖੂਹੀ, 16 ਅਕਤੂਬਰ (ਵਾਲੀਆ)- ਗਲੋਬਲ ਕਾਲਜ ਕਾਹਨਪੁਰ ਖੂਹੀ ਵਿਖੇ ਦੋ ਦਿਨਾ ਵਿਗਿਆਨ ਮੇਲਾ ਬੜੇ ਧੂਮ-ਧਾਮ ਨਾਲ ਸਮਾਪਤ ਹੋ ਗਿਆ ਹੈ। ਇਸ ਵਿਗਿਆਨ ਮੇਲੇ 'ਚ ਜ਼ਿਲ੍ਹਾ ਰੂਪਨਗਰ ਦੀਆਂ ਦੋ ਤਹਿਸੀਲਾਂ ਅਨੰਦਪੁਰ ਸਾਹਿਬ ਅਤੇ ਨੰਗਲ ਦੇ ਸਮੂਹ ਸਰਕਾਰੀ, ਅਰਧ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਵਾਈਸ ਸੁਪਰਵਾਈਜ਼ਰ ਲੋਕੇਸ਼ ਮੋਹਨ ਸ਼ਰਮਾ ਅਤੇ ਵਾਈਸ ਪ੍ਰਿੰਸੀਪਲ ਡਾ: ਅਵਿਨਾਸ਼ ਸ਼ਰਮਾ ਨੇ ਦੱਸਿਆ ਕਿ ਇਸ ਮੇਲੇ ਵਿਚ ਲਗਭਗ 80 ਸਕੂਲਾਂ ਨੇ ਭਾਗ ਲਿਆ, ਜਿਸ ਵਿਚ 137 ਮਾਡਲਾਂ ਦਾ ਪ੍ਰਦਰਸ਼ਨ ਕੀਤਾ ਗਿਆ। ਮੇਲੇ ਦੇ ਦੂਜੇ ਦਿਨ ਇਨਾਮ ਵੰਡ ਸਮਾਗਮ ਵਿਚ ਸਿੱਖਿਆ ਵਿਕਾਸ ਦੇ ਡਿਪਟੀ ਡਾਇਰੈਕਟਰ ਅਮਰੀਸ਼ ਸ਼ਰਮਾ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਹਰਪ੍ਰੀਤ ਇੰਦਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਨਵੇਂ ਵਿਗਿਆਨੀਆਂ ਦੇ ਮਾਡਲਾਂ ਅਤੇ ਉਨ੍ਹਾਂ ਬਾਰੇ ਨਵੀਨਤਮ ਜਾਣਕਾਰੀ ਲਈ ਪ੍ਰਸੰਨਤਾ ਵਿਅਕਤ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਹੋਰ ਵੀ ਵਧੇਰੇ ਕਾਰਜ ਕੁਸ਼ਲਤਾ ਨਾਲ ਕੰਮ ਕਰਨ ਲਈ ਉਤਸ਼ਾਹਿਤ ਕੀਤਾ। ਜ਼ਿਲ੍ਹਾ ਸਿੱਖਿਆ ਅਫਸਰ ਹਰਪ੍ਰੀਤ ਇੰਦਰ ਸਿੰਘ ਖਾਲਸਾ ਨੇ ਵਿਗਿਆਨ ਮੇਲੇ ਦਾ ਵਧੀਆ ਪ੍ਰਬੰਧ ਕਰਨ ਲਈ ਗਲੋਬਲ ਕਾਲਜ ਕਾਹਨਪੁਰ ਖੂਹੀ ਦੇ ਪ੍ਰਬੰਧਕਾਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਮੁੱਖ ਮਹਿਮਾਨਾਂ ਵੱਲੋਂ ਮਾਡਲ ਪ੍ਰਦਰਸ਼ਨੀ 'ਚ ਵਧੀਆ ਕਾਰਗੁਜ਼ਾਰੀ ਵਿਖਾਉਣ ਵਾਲੇ ਲਗਭਗ 60 ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰਿੰ: ਡਾ: ਵੀ. ਕੇ. ਲਾਂਬਾ ਅਤੇ ਵਾਈਸ ਪ੍ਰਿੰਸੀਪਲ ਡਾ: ਅਵਿਨਾਸ਼ ਸ਼ਰਮਾ ਨੇ ਸਕੂਲਾਂ ਤੋਂ ਆਏ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਿੰ: ਡਾ: ਵੀ. ਕੇ. ਲਾਂਬਾ, ਪ੍ਰਿੰ: ਡਾ: ਅਰਸ਼ੀ ਰਾਏ, ਪ੍ਰਿੰ: ਡਾ: ਅਵਿਨਾਸ਼ ਸ਼ਰਮਾ, ਵਿਨੀਤ ਮਲਹੋਤਰਾ, ਬੀ. ਐਸ. ਰਾਣਾ, ਆਰ. ਕੇ. ਦਿਵੇਦੀ, ਵਿਸ਼ਾਲ, ਜਸਪਾਲ, ਪ੍ਰੋ: ਜਸਪ੍ਰੀਤ ਸਿੰਘ, ਅੰਸ਼ੂ ਸ਼ਰਮਾ, ਦਰਪਨ ਸੂਦ, ਪ੍ਰਿੰ: ਸਰਿਤਾ ਦਿਵੇਦੀ, ਸ਼ਾਰਦਾ ਰਾਏ, ਨਿਧੀ ਆਰੀਆ, ਸ਼ਿਵਾਨੀ ਠਾਕੁਰ, ਮੀਨਾ, ਆਦਿਤੀ, ਜਸਪ੍ਰੀਤ ਕੌਰ, ਤਨੂ ਸ਼ਰਮਾ, ਸੁਖਵਿੰਦਰ ਕੌਰ, ਨਵਨੀਤ ਕੌਰ, ਮਨੀਸ਼ ਪੁਰੀ, ਹੈੱਡਮਾਸਟਰ ਵਰਿੰਦਰ ਕੁਮਾਰ, ਰਾਜ ਰਾਣੀ, ਮੋਹਣ ਲਾਲ, ਸਤਵੀਰ ਸਿੰਘ, ਦਵਿੰਦਰਪਾਲ, ਮਨੀਸ਼ ਕੁਮਾਰੀ, ਸਤਵੰਤ ਕੌਰ, ਪ੍ਰਿਅੰਕਾ ਰਾਣਾ, ਸੀਮਾ ਰਾਣਾ, ਮਨਜੀਤ ਕੌਰ, ਜਤਿੰਦਰਪਾਲ ਸਿੰਘ ਗੋਲਡੀ ਆਦਿ ਸਕੂਲਾਂ ਦੇ ਅਧਿਆਪਕ ਅਤੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਹਾਜ਼ਰ ਸਨ।